ਦਫ਼ਤਰ ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ ਨੰ: 1, ਭਵਨ ਤੇ ਮਾਰਗ ਸ਼ਾਖਾ, ਪਟਿਆਲਾ
ਈ-ਮੇਲ eepd1ptapwdpb@gmail.com Ph. No. 0175-2356435

ਵੱਲ

Principal,
Lady of Fatima Convent Secondary School,
Ajit Nagar, Patiala.
ਮੀਮੋ ਨੰਬਰ- 1992 ਮਿਤੀ-....05-06-23

ਵਿਸ਼ਾ- ਸਕੂਲ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।

ਹਵਾਲਾ- ਆਪ ਦਾ ਪੱਤਰ ਨੰ Nil ਮਿਤੀ 30.05.2023 ਦੇ ਸਬੰਧ ਵਿਚ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਉਪ ਮੰਡਲ ਇੰਜੀਨੀਅਰ ਦੀ ਰਿਪੋਰਟ ਮੁਤਾਬਕ ਆਪ ਵਲੋਂ ਸਕੂਲ ਬਿਲਡਿੰਗ ਦਾ ਫਾਇਰ ਸੇਫਟੀ ਸਰਟੀਫਿਕੇਟ ਮਿਤੀ 29.05.2024 ਤੱਕ ਦਾ ਜਮਾਂ ਕਰਵਾਇਆ ਗਿਆ ਜਿਸ ਉਪਰੰਤ ਆਪ ਨੂੰ ਇਹ ਸਕੂਲ ਸੇਫਟੀ ਸਰਟੀਫਿਕੇਟ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ। ਇਹ ਸਰਟੀਫਿਕੇਟ ਮਿਤੀ 31.03.2024 ਤੱਕ ਵੈਲਿਡ ਰਹੇਗਾ।

<u>ਸ਼ਰਤਾਂ-</u>

1. ਸਕੂਲ ਪ੍ਰਸ਼ਾਸਨ ਵਲੋਂ ਦਿੱਤੀ ਹੋਈ ਅੰਡਰਟੇਕਿੰਗ ਅਨੁਸਾਰ ਬਿਲਡਿੰਗ ਵਿਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਨਹੀਂ ਕੀਤੀ ਜਾਵੇਗੀ।
2. ਇਹ ਸਰਟੀਫਿਕੇਟ ਜਾਰੀ ਹੋਣ ਤੋ ਬਾਅਦ ਸਕੂਲ ਪ੍ਰਸ਼ਾਸਨ ਵੱਲੋ ਸਮੇਂ ਸਮੇਂ ਤੇ ਕਿਸੇ ਸੀਨੀਅਰ ਸਟਰਕਚਰ ਇੰਜੀਨੀਅਰ ਪਾਸੋਂ ਰੈਗੂਲਰ ਤੌਰ ਤੇ ਇੰਸਪੈਕਸ਼ਨ ਕਰਵਾਈ ਜਾਵੇਗੀ। ਜੇਕਰ ਕਿਸੇ ਵੀ ਸਮੇਂ ਬਿਲਡਿੰਗ ਦੀ ਦੀਵਾਰ/ਛੱਤ/ਕਾਲਮ ਆਦਿ ਵਿੱਚ ਕੋਈ ਤਰੇੜ ਨਜ਼ਰ ਆਉਂਦੀ ਹੈ ਤਾਂ ਸਟਰਕਚਰ ਇੰਜੀਨੀਅਰ ਦੀ ਮਦਦ ਨਾਲ ਬਿਨਾਂ ਕਿਸੇ ਦੇਰੀ ਤੋਂ ਲੋੜੀਦੀ ਮੁਰੰਮਤ ਕਰਵਾਈ ਜਾਵੇਗੀ ਅਤੇ ਇਸ ਵਿਭਾਗ ਨੂੰ ਸੂਚਿਤ ਕਰਨ ਲਈ ਸਕੂਲ ਪ੍ਰਸ਼ਾਸਨ ਪਾਬੰਦ ਹੋਵੇਗਾ ਅਤੇ ਜੇਕਰ ਬਿਲਡਿੰਗ ਵਿੱਚ ਕੋਈ ਵਾਧਾ ਕੀਤਾ ਜਾਂਦਾ ਹੈ ਤਾਂ ਇਹ ਸਰਟੀਫਿਕੇਟ ਰੱਦ ਸਮਝਿਆ ਜਾਵੇ ਅਤੇ ਨਵੇਂ ਸਕੂਲ ਸੇਫਟੀ ਸਰਟੀਫਿਕੇਟ ਲਈ ਕੇਸ ਅਪਲਾਈ ਕੀਤਾ ਜਾਵੇ।
3. ਇਸ ਸਕੂਲ ਦਾ ਫਾਇਰ ਸੇਫਟੀ ਸਰਟੀਫਿਕੇਟ 29.05.2024 ਤੱਕ ਵੈਲਿਡ ਹੈ, ਇਹ ਸਕੂਲ ਸੇਫਟੀ ਸਰਟੀਫਿਕੇਟ 31.03.2024 ਤੱਕ ਵੈਲਿਡ ਰਹੇਗਾ।
4. ਸਕੂਲ ਬਿਲਡਿੰਗ ਤੱਕ ਰਸਤਾ ਜੇਕਰ ਲਿਆ ਜਾਂਦਾ ਹੈ ਤਾਂ ਇਸ ਦੀ ਪ੍ਰੋਪਰ ਮੰਨਜ਼ੂਰੀ ਸਬੰਧਤ ਵਿਭਾਗ ਤੋ ਲੈਣੀ ਯਕੀਨੀ ਬਣਾਈ ਜਾਵੇ।
5. ਸੜਕ ਤੋ ਸਕੂਲ ਤੱਕ ਅਤੇ ਸੜਕ ਕਰੋਸਿੰਗ ਲਈ ਲੋੜੀਂਦੇ ਪ੍ਰਬੰਧ ਸਹੀ ਢੰਗ ਨਾਲ ਕੀਤੇ ਜਾਣ ਅਤੇ ਲੋੜੀਂਦੇ ਨਿਸ਼ਾਨ ਚਿੰਨ ਅਤੇ ਨਿਸ਼ਾਨ ਬੋਰਡ ਆਪਣੇ ਪੱਧਰ ਤੇ ਲਗਾਉਣੇ ਯਕੀਨੀ ਬਣਾਇਆ ਜਾਵੇ।
6. ਪਾਰਕਿੰਗ ਲਈ ਇੰਤਜਾਮ ਸਕੂਲ ਅਥਾਰਟੀ ਆਪਣੇ ਪੱਧਰ ਤੇ ਕਰੇਗੀ ਜਿਸ ਨਾਲ ਪਬਲਿਕ ਨੂੰ ਕਿਸੇ ਕਿਸਮ ਦੀ ਦਿੱਕਤ ਪੇਸ਼ ਨਹੀ ਆਉਣੀ ਚਾਹੀਦੀ।
7. ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋ ਜਾਰੀ ਸਕੂਲ ਬੱਸਾਂ ਵਿੱਚ ਸੁਰਖਿਆ ਸਬੰਧੀ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।
8. ਇਹ ਸਰਟੀਫਿਕੇਟ ਜਾਰੀ ਹੋਣ ਤੋਂ ਬਾਅਦ ਜੇਕਰ ਬਿਲਡਿੰਗ ਵਿਚ ਕੋਈ ਵਾਧਾ ਕੀਤਾ ਜਾਂਦਾ ਹੈ ਤਾਂ ਇਹ ਸਰਟੀਫਿਕੇਟ ਰੱਦ ਸਮਝਿਆ ਜਾਵੇ ਅਤੇ ਸਕੂਲ ਪ੍ਰਸ਼ਾਸਨ ਵਲੋਂ ਨਵਾਂ ਸਕੂਲ ਸੇਫਟੀ ਸਰਟੀਫਿਕੇਟ ਅਪਲਾਈ ਕੀਤਾ ਜਾਵੇ।
9. ਜੇਕਰ ਉਪਰੋਕਤ ਦਿੱਤੀਆਂ ਹਦਾਇਤਾਂ/ਕੰਡੀਸ਼ਨਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਇਹ ਸਰਟੀਫਿਕੇਟ ਰੱਦ ਸਮਝਿਆ ਜਾਵੇਗਾ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਨੰਬਰ 1,
ਲੋ.ਨਿ.ਵਿ.,ਭ ਤੇ ਮ ਸ਼ਾਖਾ, ਪਟਿਆਲਾ।

ਪਿੱਠ ਅੰਕਣ ਨੰਬਰ- ਮਿਤੀ-....

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ ਪ੍ਰਾਂਤਕ ਉਪ ਮੰਡਲ ਨੰਬਰ 6, ਭਵਨ ਤੇ ਮਾਰਗ ਸ਼ਾਖਾ, ਪਟਿਆਲਾ ਨੂੰ ਉਨ੍ਹਾਂ ਦੇ ਮੀਮੋ ਨੰ 89 ਮਿਤੀ 30.05.2023 ਦੇ ਸਬੰਧ ਵਿਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਨੰਬਰ 1,
ਲੋ.ਨਿ.ਵਿ.,ਭ ਤੇ ਮ ਸ਼ਾਖਾ, ਪਟਿਆਲਾ।

6/6/23

Principal
Our Lady of Fatima Convent Secondary School
Ajit Nagar, Patiala-147001

Sr. Maria

Our Lady of Fatima Convent Sec. School
Ajit Nagar, Patiala-147001